ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਦਫ: ਵਣ ਮੰਡਲ ਅਫਸਰ, ਨਵਾਂਸ਼ਹਿਰ ਐਟ ਗੜ੍ਹਸ਼ੰਕਰ
e-mail id: - dfogsr@gmail.com
(ਐਫ.ਸੀ.ਏ. ਸ਼ਾਖਾ)


ਨੰ:/ ਮਿਤੀ:

ਸੇਵਾ ਵਿਖੇ,

ਮੁੱਖ ਵਣ ਪਾਲ (ਐਫ.ਸੀ.) ਅਤੇ,
ਨੋਡਲ ਅਫਸਰ (ਐਫ.ਸੀ.ਏ.),
ਪੰਜਾਬ, ਸੈਕਟਰ-68, ਐਸ.ਏ.ਐਸ. ਨਗਰ।

ਵਿਸ਼ਾ : **Diversion of 1.5806 ha. of Forest Land for laying of Optical Fiber Cable from Nawanshahar-Chandigarh, Rahon-Jadla, Philour-Rahon-Nawanshahar, Rahon-Machhiwarra, Aur-Mallan Bediyan Roads, Uppra Minor-Mukandpur Road and Nawanshahar Branch ROW applied for 34565 Mtr.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ **ਵਣ ਰੇਂਜ ਅਫਸਰ, ਨਵਾਂਸ਼ਹਿਰ** ਨੇ ਵਣ ਰਕਬੇ ਦੀ ਡਾਇਵਰਸ਼ਨ ਸਬੰਧੀ ਸਾਂਝੀ ਪ੍ਰੋਪੋਜਲ ਵਣ ਸੁਰੱਖਿਆ ਐਕਟ, 1980 ਦੇ ਤਹਿਤ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜੀ ਹੈ। ਯੂਜਰ ਏਜੰਸੀ ਇੱਕ ਪ੍ਰਾਈਵੇਟ ਅਦਾਰਾ ਹੈ। ਇਸ ਤਜਵੀਜ (**Diversion of 1.5806 ha. of Forest Land for laying of Optical Fiber Cable from Nawanshahar-Chandigarh, Rahon-Jadla, Philour-Rahon-Nawanshahar, Rahon-Machhiwarra, Aur-Mallan Bediyan Roads, Uppra Minor-Mukandpur Road and Nawanshahar Branch ROW applied for 34565 Mtr)** ਵਿੱਚ ਇਸ ਮੰਡਲ ਦਾ ਕੁੱਲ 1.5806 ਹੈਕਟੇਅਰ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ ਜੋ ਕਿ ਸੁਰੱਖਿਅਤ ਵਣ ਹੈ। ਇਸ ਤਜਵੀਜ ਵਿੱਚ ਕੋਈ ਵੀ ਵੀ ਰੁੱਖ ਪ੍ਰਭਾਵਿਤ ਨਹੀਂ ਹੁੰਦਾ। ਵਣ ਮੰਡਲ ਅਫਸਰ ਵੱਲੋਂ ਮਿਤੀ:15/12/2015 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ, ਜਿਸਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਨਾਲ ਪੰਨਾ ਨੰ:25 'ਤੇ ਹੈ।

ਯੂਜਰ ਏਜੰਸੀ ਵੱਲੋਂ 1,000/- ਰੁਪਏ ਪ੍ਰੋਸੈਸਿੰਗ ਫੀਸ ਖਜਾਨੇ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ, 50/- ਰੁਪਏ ਪ੍ਰਤੀ ਵਰਗਮੀਟਰ ਦੇ ਹਿਸਾਬ ਨਾਲ 7,90,300/- ਰੁਪਏ ਗ੍ਰੀਨਿੰਗ ਪੰਜਾਬ ਮਿਸ਼ਨ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੇ ਹਨ ਅਤੇ 25/- ਰੁਪਏ ਪ੍ਰਤੀ ਰਨਿੰਗਮੀਟਰ ਦੇ ਹਿਸਾਬ ਨਾਲ 8,64,125/- ਰੁਪਏ ਦੀ ਬੈਂਕ ਗਰੰਟੀ ਜਮ੍ਹਾਂ ਕਰਵਾਈ ਗਈ ਹੈ, ਜਿਸਦੀ **ਰਸੀਦ ਨਾਲ ਨੱਥੀ** ਹੈ। ਇਸ ਪ੍ਰੋਪੋਜਲ ਵਿੱਚ ਸੀ.ਏ. ਅਤੇ ਐਨ.ਪੀ.ਵੀ. ਲਾਗੂ ਨਹੀਂ ਹੈ। ਇਸ ਕਰਕੇ ਵਿਸ਼ਾ ਅੰਕਿਤ ਵਿੱਚ ਸੀ.ਏ. ਦੀ ਸਕੀਮ, ਲੈਂਡ ਸੂਟੇਬਿਲਟੀ ਸਰਟੀਫਿਕੇਟ ਆਦਿ ਨਹੀਂ ਲਗਾਏ ਗਏ ਹਨ।

ਉਪਰੋਕਤ ਤਜਵੀਜ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ। ਇਸ ਲਈ ਇਸ ਕੇਸ ਨੂੰ ਵਣ ਸੁਰੱਖਿਆ ਐਕਟ, 1980 ਦੀ ਧਾਰਾ 2 ਤਹਿਤ ਇਹ ਤਜਵੀਜ ਸਿਫਾਰਸ਼ ਸਹਿਤ ਇਸ ਪੱਤਰ **ਨਾਲ ਨੱਥੀ** ਕਰਕੇ ਆਪ ਜੀ ਨੂੰ ਭੇਜੀ ਜਾਂਦੀ ਹੈ ਜੀ।

ਸਹਿਪੱਤਰ: ਉਪਰੋਕਤ ਅਨੁਸਾਰ।

ਜਗਦੇਵ ਸਿੰਘ ਸੰਧੂ, ਪੀ.ਐਫ.ਐਸ.
ਵਣ ਮੰਡਲ ਅਫਸਰ,
ਨਵਾਂਸ਼ਹਿਰ ਐਟ ਗੜ੍ਹਸ਼ੰਕਰ।

ਪਿੱਠ ਅੰਕਣ ਨੰ: ਮਿਤੀ:

ਇਸਦੀ ਇੱਕ ਨਕਲ ਵਣ ਪਾਲ, ਸ਼ਿਵਾਲਿਕ ਸਰਕਲ, ਪੰਜਾਬ, ਸਿਵਲ ਲਾਈਨਜ, ਹੁਸ਼ਿਆਰਪੁਰ ਜੀ ਨੂੰ **ਸਮੇਤ ਸਹਿਪੱਤਰ** ਸੂਚਨਾ ਅਤੇ ਅਗਲੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।
ਸਹਿਪੱਤਰ: ਉਪਰੋਕਤ ਅਨੁਸਾਰ।

ਜਗਦੇਵ ਸਿੰਘ ਸੰਧੂ, ਪੀ.ਐਫ.ਐਸ.